# ਮੈਡੀਕਲ ਕੈਂਪ ਖੱਟਕੜ ਕਲਾਂ

ਸ਼ਹੀਦ ਭੱਗਤ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਦੇ ਮੌਕੇ ਉਪਰ 6 ਅਕਤੂਬਰ 2007 ਨੂੰ ਉਹਨਾਂ ਦੇ ਪਿੰਡ ਖਟਕੜ ਕਲਾਂ ਵਿਖੇ ਫਰੀਮਾਂਟ ਗੁਰੂਘਰ ਦੀ ਸਮੂਹ ਸੰਗਤ ਅਤੇ ਕਮੇਟੀ ਵਲੋਂ ਸਹਾਇਤਾ ਸੰਸਥਾ ਦੇ ਸਹਿਯੋਗ ਨਾਲ ਇਹ ਕੈਂਪ ਦਾ ਆਯੋਜਿਨ ਕੀਤਾ ਗਿਆ।ਇਸ ਦਿਨ ਬਹੁਤ ਵੱਡੀ ਗਿਣਤੀ (500 ਦੇ ਕਰੀਬ) ਵਿੱਚ ਲੋੜਵੰਦ ਮਰੀਜਾਂ ਨੇ ਵਖਰੇ ਵਖਰੇ ਮਾਹਿਰਾ ਦੀਆਂ ਸੇਵਾਵਾਂ ਦਾ ਫਾਇਦਾ ਉਠਾਇਆ।ਇਸ ਕੈਂਪ ਵਿੱਚ ਡਾਕਟਰ ਰਜਿੰਦਰ ਸਿੰਘ ਵਲੋਂ ਸੈਂਕੜੇ ਮਰੀਜਾਂ ਦੀਆਂ ਅੱਖਾ ਦਾ ਮੁਆਇਨਾਂ ਕੀਤਾ ਗਿਆ ਅਤੇ 50 ਤੋਂ ਵੱਧ ਅੱਖਾਂ ਦੇ ਅਪਰੇਸ਼ਨ ਕੀਤੇ ਜਾ ਰਹੇ ਹਨ।ਹੋਰਨਾਂ ਡਾਕਟਰਾਂ ਵਿੱਚ ਡਾਕਟਰ ਉਪਨਿੰਦਰ ਸਿੰਘ (ਜੋਗੀ) ਕਨੇਡਾ ਤੋਂ ਡਾਕਟਰ ਹਰਕੇਸ਼ ਸਿੰਘ ਸੰਧੂ ਅਮਰੀਕਾ ਤੋਂ,ਡਾਕਟਰ ਗਗਨਦੀਪ ਸਿੰਘ( ਹਡੀਆਂ ਦੇ ਮਾਹਰ) ਲੁਧਿਆਣੇ ਤੋਂ, ਡਾਕਟਰ ਮੰਜੂ ਗੁਰੁ ਅਰਜੁਨ ਦੇਵ ਹਸਪਤਾਲ ਬੰਗਾ ਤੋਂ, ਡਾਕਟਰ ਕੁਲਦੀਪ ਸਿੰਘ ਕੁਲਾਰ ( ਸਰਜਨ) ਅਤੇ ਡਾਕਟਰ ਹਰਕਿਰਨ ਕੌਰ ਕੁਲਾਰ ( ਲੇਡੀਜ ਡਾਕਟਰ) ਕੁਲਾਰ ਹਸਪਤਾਲ ਬੀਜਾ ,ਹਰਪਾਲ ਸਿੰਘ ਹਰੀਕਾ ਅਮਰੀਕਾਂ ਸਹਾਇਤਾ ਇਕਾਈ ਦੇ ਖਜਾਨਚੀ ,ਡਾਕਟਰ ਦਵਿੰਦਰ ਸਿੰਘ ਚਾਹਲ ( ਹੱਡੀਆਂ ਦੇ ਮਾਹਰ) ਨਵਾਂ ਸ਼ਹਿਰ ਨੇ ਮਰੀਜਾਂ ਦੀਆਂ ਬਿਮਾਰੀਆਂ ਦਾ ਇਲਾਜ ਕੀਤਾ। ਕੈਂਪ ਵਿੱਚ ਮਰੀਜਾਂ ਦੀ ਸ਼ੂਗਰ,ਕੌਲੈਸਟਰੌਲ, ਬਲੱਡ ਪ੍ਰੈਸ਼ਰ, ਈ ਸੀ ਜੀ ਚੈਕਅੱਪ ਦੇ ਨਾਲ ਨਾਲ ਅੱਖਾਂ ਲਈ ਐਨਕਾਂ ਦੇ ਨੰਬਰ ਵੀ ਦਿਤੇ ਗਏ।20 ਦੇ ਕਰੀਬ ਦੂਸਰੀਆਂ ਸਰਜਰੀਆਂ ਵੀ ਕੁਲਾਰ ਹਸਪਤਾਲ ਬੀਜਾ ਵਿੱਖੇ ਡਾਕਟਰ ਕੁਲਾਰ ਵਲੋਂ ਕੀਤੀਆਂ ਜਾ ਰਹੀਆਂ ਹਨ।ਪਿੰਡ ਦੇ ਸਰਪੰਚ ਸਰਦਾਰ  ਕੇਵਲ ਸਿੰਘ, ਬਲਬੀਰ ਸਿੰਘ ਬੇਦੀ , ਮਾਸਟਰ ਦੇਸ ਰਾਜ, ਸਰਦਾਰ ਸਤਨਾਮ ਸਿੰਘ ਸ਼ੇਰਗਿਲ, ਸਕੂਲ ਦੀਆਂ ਬੱਚੀਆਂ ਅਤੇ ਹੋਰ ਵੀ ਪਤਵੰਤੇ ਸਜਣਾ ਨੇ ਆਪਣਾ ਕੀਮਤੀ ਵੱਕਤ ਕੱਢ ਕੇ ਸੇਵਾ ਕੀਤੀ ਜਿਸਦਾ ਸਹਾਇਤਾ ਸੰਸਥਾ ਵਲੋਂ ਬਹੁਤ ਧੰਨਵਾਦ ਕੀਤਾ ਜਾਂਦਾ ਹੈ। ਅਸੀਂ ਫਰੀਮਾਂਟ ਗੁਰੂਘਰ ਦੀ ਸੰਗਤ ਦੇ ਹਰ ਮੈਂਬਰ ਦੇ ਜਿਸਨੇ ਦਾਨ ਜਾਂ ਸ਼ੁਭ ਇਸ਼ਾਵਾਂ ਦੇ ਕੇ ਸਹਾਇਤਾ ਸੰਸਥਾ ਦਾ ਸਾਥ ਦਿਤਾ ਹੈ, ਧੰਨਵਾਦ ਕੀਤਾ ਜਾਂਦਾ ਹੈ। ਅੱਜ 9 ਅਕਤੂਬਰ ਅਤੇ 12 ਅਕਤੂਬਰ ਨੂੰ ਸਾਰੇ ਅਪ੍ਰੇਸ਼ਨ ਕੀਤੇ ਜਾ ਰਹੇ ਹਨ।

# ਮੈਡੀਕਲ ਕੈਂਪ, ਚਿਨੌਰ ( ਹਿਮਾਚਲ ਪ੍ਰਦੇਸ਼ )

ਸਹਾਇਤਾ ਸੰਸਥਾ ਵਲੋਂ ਮੈਡੀਕਲ ਕੈਂਪਾਂ ਦੀ ਲੜੀ ਵਿੱਚੋਂ ਇਹ ਦੂਸਰਾ ਕੈਂਪ 7-8 ਅਕਤੂਬਰ ਨੂੰ ਲਗਇਆ ਗਿਆ।ਸਹਾਇਤਾ ਸੰਸਥਾ ਦੇ ਸਹਿਯੋਗ ਨਾਲ ਇਹ ਕੈਂਪ ਦਾ ਆਯੋਜਿਨ ਕੀਤਾ ਗਿਆ। ਇਹ ਕੈਂਪ ਪਿਛਲੇ 17 ਸਾਲਾਂ ਤੋਂ ਚੱਲ ਰਿਹਾ ਹੈ।ਇਸ ਕੈਂਪ ਵਿੱਚ ਡਾਕਟਰ ਰਜਿੰਦਰ ਸਿੰਘ ਵਲੋਂ ਸੈਂਕੜੇ ( 800-900) ਮਰੀਜਾਂ ਦੀਆਂ ਅੱਖਾ ਅਤੇ ਮੈਡੀਕਲ ਚੈਕਅੱਪ ਨਾਲ ਮੁਆਇਨਾਂ ਕੀਤਾ ਗਿਆ ਅਤੇ 100 ਦੇ ਕਰੀਬ ਅੱਖਾਂ ਦੇ ਅਪਰੇਸ਼ਨ ਕੀਤੇ ਜਾ ਰਹੇ ਹਨ।ਹੋਰਨਾਂ ਡਾਕਟਰਾਂ ਵਿੱਚ ਡਾਕਟਰ ਉਪਨਿੰਦਰ ਸਿੰਘ (ਜੋਗੀ) ਕਨੇਡਾ ਤੋਂ ਡਾਕਟਰ ਹਰਕੇਸ਼ ਸਿੰਘ ਸੰਧੂ ਅਮਰੀਕਾ ਤੋਂ ਅਤੇ ਡਾਕਟਰ ਸੰਤੋਸ਼, ਡਾਕਟਰ ਸੁਰਿੰਦਰ ਸਿੰਘ ਗਗਰੇਟ ਹਿਮਾਚਲ ਤੋਂ, ਡਾਕਟਰ ਸਤੀਸ਼ ਔਹਰੀ ਆਪਣੀ ਟੀਮ ਨਾਲ ਲੁਧਿਆਣੇ ਤੋਂ ਨੇ ਵੀ ਇਸ ਕੈਂਪ ਵਿੱਚ ਦੋਹਨੋਂ ਦਿਨ ਸੇਵਾ ਕੀਤੀ । ਕੈਂਪ ਵਿੱਚ ਮਰੀਜਾਂ ਦੀ ਸ਼ੂਗਰ,ਕੌਲੈਸਟਰੌਲ, ਬਲੱਡ ਪ੍ਰੈਸ਼ਰ, ਈ ਸੀ ਜੀ ਚੈਕਅੱਪ ਦੇ ਨਾਲ ਨਾਲ ਅੱਖਾਂ ਲਈ ਐਨਕਾਂ ਦੇ ਨੰਬਰ ਵੀ ਦਿਤੇ ਗਏ। ਇਸ ਕੈਂਪ  ਵਿੱਚ ਚਨੌਰ ਅਤੇ ਲੁਧਿਆਣੇ  ਤੋਂ ਸਹਾਇਤਾ ਸੰਸਥਾ ਦੇ ਬਹੁਤ ਸਾਰੇ ਮੈਂਬਰਾਂ ਨੇ ਪਿਆਰ ਸਹਿਤ ਸੇਵਾ ਕੀਤੀ ਅਤੇ ਇਹਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾ ਰਿਹਾ ਹੈ।